# PUNJABI

## ( COMPULSORY )

Time allowed : **Three** Hours

Maximum Marks : **300**

**Question Paper Specific Instructions**

***Please read each of the following instructions carefully before attempting questions :***

*All questions are to be attempted.*

*The number of marks carried by a question is indicated against it.*

*Answers must be written in **PUNJABI** unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the answer book must be clearly struck off.*

**Q1. ਹੇਠ ਲਿਖੇ ਵਿਸ਼ਿਆਂ ਵਿੱਚੋਂ ਹਰ ਇਕ ਵਿਸ਼ੇ ਬਾਰੇ 300 ਸ਼ਬਦਾਂ ਦਾ ਨਿਬੰਧ ਲਿਖੋ :** *50×2=100*

(i) ਅਸੀਂ ਅਪਣੇ ਨੇਕ ਅਮਲਾਂ ਦੁਆਰਾ ਜਿਉਂਦੇ ਹਾਂ ਸਾਲਾਂ ਦੀ ਗਿਣਤੀ ਨਾਲ ਨਹੀਂ । *50*

(ii) ਸਮੇਂ ਸਿਰ ਇਨਸਾਫ਼ ਦੇਣ ਤੋਂ ਬਿਨਾਂ ਕੋਈ ਸਮਾਜ ਨਹੀਂ ਚਲ ਸਕਦਾ । *50*

**Q2. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਵਿੱਚੋਂ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਅਪਣੇ ਸ਼ਬਦਾਂ ਵਿਚ ਲਿਖੋ । ਉੱਤਰ ਸਪਸ਼ਟ, ਠੀਕ ਅਤੇ ਸੰਖੇਪ ਹੋਣੇ ਚਾਹੀਦੇ ਹਨ :** *10×6=60*

ਪੱਤਰਕਾਰਾਂ ਵਿਚ ਅਸਹਿਮਤੀ ਦਾ ਹੋਣਾ ਪ੍ਰਸ਼ਾਸਕਾਂ ਲਈ ਸੌਖ ਦਾ ਸਾਧਨ ਬਣ ਜਾਂਦਾ ਹੈ । ਪੱਤਰਕਾਰਾਂ ਦੇ ਬੋਲਣ ਦੀਆਂ ਵੱਖੋ ਵੱਖਰੀਆਂ ਸੁਰਾਂ ਹੋਣ ਕਾਰਨ ਪਰੈੱਸ ਦੀ ਸ਼ਕਤੀ ਘਟ ਜਾਂਦੀ ਹੈ । ਕਿਸੇ ਅਖਬਾਰ ਦੇ ਲੋਕਾਂ ਉੱਤੇ ਸਹੀ ਪ੍ਰਭਾਵ ਦਾ ਅੰਦਾਜ਼ਾ ਸਿਰਫ ਉਸਦੀ ਜੋਰਦਾਰ ਆਵਾਜ਼ ਤੋਂ ਜਾਂ ਉਸ ਦੇ ਪਾਠਕਾਂ ਦੇ ਦਾਇਰੇ ਤੋਂ ਹੀ ਨਹੀਂ ਲਾਇਆ ਜਾ ਸਕਦਾ । ਅਸਲ ਵਿਚ ਪਰੈੱਸ ਦੀ ਸ਼ਕਤੀ ਬੜੀ ਭੁਲੇਖਾ ਪਾਊ ਚੀਜ ਹੈ । ਇਸ ਦਾ ਸਿੱਧਾ ਸੰਬੰਧ ਨਾ ਤਾਂ ਅਖਬਾਰ ਦੀ ਵਿਕਰੀ ਵਿਚੋਂ ਮੁਨਾਫਾ ਕਮਾਉਣ ਵਾਲਿਆਂ ਨਾਲ ਹੈ ਅਤੇ ਨਾ ਹੀ ਉਨ੍ਹਾਂ ਨਾਲ ਜੋ ਇਸ ਦੀ ਪ੍ਰਸਾਰ-ਸੰਖਿਆ ਨੂੰ ਸਭ ਤੋਂ ਵਧੇਰੇ ਬਣਾਉਣ ਵਿਚ ਸਫਲ ਹੋਏ ਹਨ ।

ਅਖਬਾਰ ਦੀ ਪ੍ਰਸਾਰ ਸੰਖਿਆ ਲੋਕਾਂ ਵੱਲੋਂ ਉਸ ਅਖਬਾਰ ਨੂੰ ਦਿੱਤੀ ਗਈ ਮਾਨਤਾ ਹੁੰਦੀ ਹੈ ਜੋ ਉਸ ਅਖਬਾਰ ਦੀਆਂ ਤਰੁਟੀਆਂ ਪ੍ਰਤੀ ਨਰਮੀ ਵਰਤਦੇ ਹਨ ਅਤੇ ਉਹ ਜਾਣਦੇ ਹੁੰਦੇ ਹਨ ਕਿ ਉਸ ਅਖਬਾਰ ਦੀ ਅਸਲੀਅਤ ਨੂੰ ਕਿਵੇਂ ਵਧਾ ਚੜ੍ਹ ਕੇ ਦਿਖਾਉਣਾ ਹੈ । ਇਹ ਸਿਨੇਮੇ ਦੀ ਟਿਕਟ-ਖਿੜਕੀ ਦੀ ਖਿੱਚ ਵਰਗੀ ਚੀਜ ਹੈ । ਕਿਸੇ ਫਿਲਮ ਨੂੰ ਕਿੰਨੀ ਪ੍ਰਕਾਰ ਦੇ ਲੋਕਾਂ ਦੀ ਕਿੰਨੀ ਵੱਡੀ ਭੀੜ ਅੱਗੇ ਪ੍ਰਦਰਸ਼ਨੀ ਸਮੇਂ ਪੇਸ਼ ਕੀਤਾ ਗਿਆ ਹੁੰਦਾ ਹੈ, ਉਸ ਦੇ ਅਨੁਸਾਰ ਹੀ ਉਸ ਫਿਲਮ ਦੀ ਦਰਸ਼ਕਾਂ ਨੂੰ ਖਿੱਚ ਪਾਉਣ ਦੀ ਸ਼ਕਤੀ ਹੁੰਦੀ ਹੈ । ਕਿਸੇ ਫਿਲਮ ਦਾ ਵਪਾਰਕ ਜਾਂ ਬਜ਼ਾਰੂ ਪੱਖ ਤੋਂ ਸਫਲ ਹੋ ਜਾਣਾ ਇਕ ਗੱਲ ਹੈ ਪਰ ਉਸੇ ਫਿਲਮ ਦਾ ਕਲਾਤਮਕ ਪੱਖ ਤੋਂ ਪਰਪੱਕਤਾ ਦੇ ਰੂਪ ਵਿਚ ਹੋਣਾ, ਅਸਲੋਂ ਹੋਰ ਗੱਲ ਹੈ । ਕਿਸੇ ਫਿਲਮ ਨੂੰ ਕਲਾ ਦੇ ਪੱਖ ਤੋਂ ਸਲਾਹੁਣ ਲਈ ਜਿਸ ਕਿਸਮ ਦੇ ਸਾਧਨਾਂ ਦੀ ਲੋੜ ਹੁੰਦੀ ਹੈ ਉਸ ਦਾ ਲੋਕਾਂ ਦੀ ਭੀੜ ਨਾਲ ਕੋਈ ਸੰਬੰਧ ਨਹੀਂ ਹੁੰਦਾ । ਇਹ ਗੁਣਾਂ ਦੀ ਉਹ ਪ੍ਰਾਪਤੀ ਹੈ ਜਿਹੜੀ ਬਹੁਤ ਥੋੜ੍ਹੇ ਚੋਣਵੇਂ ਲੋਕਾਂ ਕੋਲ ਹੁੰਦੀ ਹੈ । ਇਨ੍ਹਾਂ ਦੀ ਗਿਣਤੀ ਜਿਆਦਾ ਨਹੀਂ ਹੁੰਦੀ । ਦੋ ਧਿਰਾਂ ਵਿਚ ਇਕ ਵਿਰੋਧ ਹੈ, ਇਕ ਪਾਸੇ ਕੁਝ ਚੋਣਵੇਂ ਲੋਕ ਹਨ ਜਿਨ੍ਹਾਂ ਕੋਲ ਸੂਖਮਤਾ ਤੇ ਨਫ਼ਾਸਤ ਦਾ ਗੁਣ ਹੈ; ਦੂਜੇ ਪਾਸੇ ਅਸਿੱਖਿਅਤ ਲੋਕਾਂ ਦੀ ਚੀਜਾਂ ਨੂੰ ਸਮਝਣ ਅਤੇ ਆਨੰਦ ਲੈਣ ਦੀ ਸਮਰਥਾ ਹੈ । ਸਾਡੀਆਂ ਫਿਲਮਾਂ ਅਤੇ ਅਖਬਾਰਾਂ ਦਾ ਮਿਸ਼ਨ ਤੇ ਉਦੇਸ਼ ਅਸਿੱਖਿਅਤ ਲੋਕਾਂ ਨੂੰ ਸੂਝਵਾਨ ਬਣਾਉਣਾ ਹੋਣਾ ਚਾਹੀਦਾ ਹੈ । ਇਨ੍ਹਾਂ ਦੋਹਾਂ ਵਿਚ ਇਹ ਯਤਨ ਇਕੋ ਤਰੀਕੇ ਨਾਲ ਸਮਾਨ ਰੂਪ ਵਿਚ ਲਾਗੂ ਹੋ ਸਕਦਾ ਹੈ । ਇਨ੍ਹਾਂ ਦੋਹਾਂ ਲਈ ਪ੍ਰਲੋਭਣ ਵੀ ਇਕੋ ਜਹੇ ਹਨ ਜਿਨ੍ਹਾਂ ਤੋਂ ਮੁਕਤ ਹੋਣ ਦੀ ਲੋੜ ਹੈ ।

(i) ਲੇਖਕ ਕਿਹੜੀਆਂ ਦੋ ਚੀਜਾਂ ਦੀ ਤੁਲਨਾ ਕਰਦਾ ਹੈ ? *10*

(ii) ਲੋਕਾਂ ਦਾ ਅਖਬਾਰਾਂ ਪ੍ਰਤੀ ਕੀ ਪ੍ਰਤੀਕਰਮ ਹੈ ਜੋ ਇਨ੍ਹਾਂ ਪ੍ਰਤੀ ਨਰਮ ਵਿਚਾਰ ਰਖਦੇ ਹਨ ? *10*

(iii) ਲੇਖਕ ਇਸ ਵਿਚ ਕਿਹੜੇ ਸਾਧਨਾਂ ਦੀ ਗੱਲ ਕਰਦਾ ਹੈ ? *10*

(iv) ਲੇਖਕ ਅਨੁਸਾਰ ਅਖਬਾਰਾਂ ਦਾ ਉਦੇਸ਼ ਜਾਂ ਮਿਸ਼ਨ ਕੀ ਹੋਣਾ ਚਾਹੀਦਾ ਹੈ ? *10*

(v) ਉਹ ਕਿਹੜੇ ਲੋਕ ਹਨ ਜਿਨ੍ਹਾਂ ਨੂੰ ਲੇਖਕ ਪਸੰਦ ਨਹੀਂ ਕਰਦਾ ? *10*

(vi) ਅਖਬਾਰ ਦੇ ਗੁਣਾਂ ਬਾਰੇ ਗਲਤ ਪ੍ਰਭਾਵ ਕਿਹੜੇ ਕਾਰਨਾਂ ਸਦਕਾ ਬਣਦਾ ਹੈ ? *10*

**Q3. ਹੇਠ ਲਿਖੇ ਵਾਰਤਕ-ਅੰਸ਼ ਦਾ ਸੰਖੇਪ ਸਾਰ ਇਕ-ਤਿਹਾਈ ਭਾਗ ਵਿੱਚ ਲਿਖੋ । ਸਿਰਲੇਖ ਸੁਝਾਉਣਾ ਜਰੂਰੀ ਨਹੀਂ ਹੈ । ਸ਼ਬਦ-ਸੀਮਾ ਅਨੁਸਾਰ ਸੰਖੇਪ-ਸਾਰ ਨਾ ਲਿਖਣ ਉਪਰ ਅੰਕ ਕੱਟੇ ਜਾਣਗੇ :** ***60***

ਅਜੋਕੇ ਸੰਸਾਰ ਵਿਚ 'ਰਾਸ਼ਟਰ' ਅਤੇ 'ਰਾਸ਼ਟਰ-ਰਾਜ' ਦੇ ਸੰਕਲਪਾਂ ਬਾਰੇ ਬੜੇ ਭਰਮ ਭੁਲੇਖੇ ਹਨ । ਰਾਸ਼ਟਰ ਰਾਜਾਂ ਨੂੰ ਪਰਿਭਾਸ਼ਤ ਕਰਨਾ ਮੁਕਾਬਲਤਨ ਰੂਪ ਵਿਚ ਆਸਾਨ ਹੈ । ਇਹ ਵਿਸ਼ਵ ਦੇ ਰਾਜਨੀਤਕ ਸੰਗਠਨਾਂ ਦੀਆਂ ਬੁਨਿਆਦੀ ਇਕਾਈਆਂ ਹਨ । ਇਹ ਪ੍ਰਮੁਖ ਰੂਪ ਵਿਚ ਪ੍ਰਭੂਸੱਤਾ ਸੰਪੰਨ ਰਾਜਾਂ ਨਾਲ ਮਿਲਦੀਆਂ ਜੁਲਦੀਆਂ ਹਨ । ਇਹ ਉਹ ਸੰਗਠਨ ਹਨ ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ ਸੰਘ ਵਿਚ ਸੀਟ ਮਿਲੀ ਹੋਈ ਹੈ । ਇਨ੍ਹਾਂ ਲਈ ਅੰਗਰੇਜੀ ਪਦ 'ਮੁਲਕਾਂ' (countries) ਪ੍ਰਚਲਤ ਹੈ । ਜੇ ਅਸੀਂ ਇਨ੍ਹਾਂ ਨੂੰ ਰਾਜ ਜਾਂ 'ਸਟੇਟਸ' ਕਹਿ ਲਈਏ ਤਾਂ ਆਸਾਨ ਹੋ ਸਕਦਾ ਹੈ । ਪਰ ਇਹ ਪਦ-ਬਦਕਿਸਮਤੀ ਨਾਲ-ਕੁਝ ਰਾਸ਼ਟਰ-ਰਾਜਾਂ ਨੂੰ ਦਰਸਾਉਣ, ਜਿਹੜੇ ਕਿ ਰਾਸ਼ਟਰ-ਰਾਜਾਂ ਤੋਂ ਛੋਟੇ ਹਨ, ਲਈ ਵੀ ਵਰਤਿਆ ਜਾਂਦਾ ਹੈ ।

ਰਾਸ਼ਟਰ-ਰਾਜਾਂ ਅਤੇ ਪ੍ਰਭੂਸੱਤਾ ਸੰਪੰਨ ਰਾਜਾਂ ਨੂੰ ਇਕੋ ਮੰਨ ਲੈਣਾ ਬੜਾ ਲੁਭਾਉਣਾ ਲਗਦਾ ਹੈ ਪਰ ਅਜੋਕੇ ਸੰਸਾਰ ਵਿਚਲੀ ਪ੍ਰਭੂਸੱਤਾ ਸੰਪੰਨਤਾ ਦੀ ਖੁੱਲ੍ਹੀ ਡੁੱਲ੍ਹੀ ਅਤੇ ਡੋਲਵੀਂ-ਬਦਲਵੀਂ ਪ੍ਰਕਿਰਤੀ ਕਾਰਨ ਇਨ੍ਹਾਂ ਨੂੰ ਇਕੋ ਮੰਨ ਲੈਣਾ ਬੜਾ ਭੁਲੇਖਾ ਪਾਊ ਹੈ । ਅਸਲ ਵਿਚ ਸਾਰੇ ਰਾਸ਼ਟਰ ਰਾਜਾਂ ਨੇ ਆਪਣੀ ਪ੍ਰਭੂਸੱਤਾ ਸੰਪੰਨਤਾ ਦਾ ਕੁੱਝ ਹਿੱਸਾ ਅੰਤਰ ਰਾਸ਼ਟਰੀ ਸੰਗਠਨਾਂ ਅਧੀਨ ਕੀਤਾ ਹੋਇਆ ਹੈ ਪਰ ਇਨ੍ਹਾਂ ਸੰਗਠਨਾਂ ਨੇ ਕਦੀ ਵੀ ਕਿਸੇ ਰਾਸ਼ਟਰ-ਰਾਜ ਕੋਲੋਂ ਕੋਈ ਅਧਿਕਾਰ ਨਹੀਂ ਲਿਆ ਹੈ, ਜਿਸ ਦੀ ਵਧੀਆ ਮਿਸਾਲ ਸੰਯੁਕਤ ਰਾਸ਼ਟਰ ਹੈ, ਇਸ ਦੇ ਉਲਟ ਵੀ ਕਦੇ ਨਹੀਂ ਵਾਪਰਿਆ ਹੈ । ਪਰ ਰਾਜਾਂ ਦੇ ਆਪਣੇ ਸੰਬੰਧਾਂ ਵਿਚ ਸ਼ਕਤੀ ਦੇ ਰਿਸ਼ਤਿਆਂ ਅਤੇ ਸਮਝੌਤਿਆਂ ਦਾ ਬੜਾ ਜਟਿਲ ਪ੍ਰਬੰਧ ਪ੍ਰਦਰਸ਼ਤ ਹੁੰਦਾ ਹੈ । ਇਸ ਦੇ ਇਕ ਸਿਰੇ ਉਤੇ ਕੁਝ ਵੱਡੇ ਰਾਜਾਂ ਨੂੰ ਬਹੁਤ ਸਾਰੇ ਅਧਿਕਾਰ ਅਤੇ ਸ਼ਕਤੀਆਂ ਦਿੱਤੀਆਂ ਗਈਆਂ ਹਨ ਅਤੇ ਇਸ ਦੇ ਦੂਜੇ ਸਿਰੇ ਉਤੇ ਕੁਝ ਛੋਟੇ ਰਾਜ ਹਨ ਜਿਨ੍ਹਾਂ ਨੂੰ ਸ਼ਕਤੀਸ਼ਾਲੀ ਗੁਆਂਢੀ ਰਾਜਾਂ ਜਾਂ ਅੰਤਰ ਰਾਸ਼ਟਰੀ ਸੰਗਠਨਾਂ ਦੀ ਸਾਂਭ ਸੰਭਾਲ ਅਧੀਨ ਸਪਸ਼ਟ ਤੌਰ ਤੇ ਰੱਖਿਆ ਹੋਇਆ ਹੈ । ਅਸਲ ਵਿਚ ਇਨ੍ਹਾਂ ਰਾਜਾਂ ਵਿਚ ਕਈ ਕਾਰਜ-ਖੇਤਰਾਂ ਵਿਚ ਸੁਤੰਤਰ ਤੌਰ ਤੇ ਕਾਰਜ ਕਰ ਸਕਣ ਦੀ ਗੁੰਜਾਇਸ਼ ਨਹੀਂ ਹੈ ।

ਬਹੁਤ ਸਾਰੇ ਰਾਸ਼ਟਰੀ-ਰਾਜ ਅਪਣੇ ਆਪ ਨੂੰ 'ਰਾਸ਼ਟਰ' ਅਖਵਾਉਂਦੇ ਹਨ । ਇਸ ਲਈ ਅਸੀਂ ਕਿਉਂ ਨਾ ਉਨ੍ਹਾਂ ਦੇ ਆਪਣੇ ਦੱਸਣ ਅਨੁਸਾਰ ਰਾਸ਼ਟਰ-ਰਾਜ ਅਤੇ ਰਾਸ਼ਟਰ ਨੂੰ ਸਮਰੂਪੀ ਮੰਨ ਲਈਏ ? ਪਰ ਇਹ ਸੰਭਵ ਨਹੀਂ ਹੈ; ਕਿਉਂਕਿ ਇਹ ਵੱਖ, ਵੱਖ ਪ੍ਰਕਾਰ ਦੇ ਪ੍ਰਬੰਧਾਂ ਵਿਚੋਂ ਨਿਕਲਿਆ ਇਕ ਅਮੂਰਤ ਸੰਕਲਪ ਹੈ ਜਦੋਂ ਕਿ ਰਾਸ਼ਟਰ ਰਾਜ ਕਾਨੂੰਨੀ ਜਾਂ ਵਿਧਾਨਕ ਤੌਰ ਤੇ ਪਰਿਭਾਸ਼ਤ ਇਕਾਈ ਹੈ । ਰਾਸ਼ਟਰ ਲੋਕਾਂ ਦੀ ਵਸੋਂ ਹੈ । ਆਧੁਨਿਕ ਜਨ-ਸਮੂਹ ਜਿਹੜੇ ਅਪਣੇ ਆਪ ਨੂੰ ਰਾਸ਼ਟਰ ਮੰਨਦੇ ਹਨ ਉਨ੍ਹਾਂ ਦੀ ਇੱਛਾ ਰਾਸ਼ਟਰ-ਰਾਜ

ਬਣਨ ਦੀ ਹੁੰਦੀ ਹੈ, ਉਹ ਇਕ ਰਾਸ਼ਟਰੀ ਸਰਹੱਦ ਦੇ ਅੰਦਰ ਆਉਂਦੇ ਹਨ । ਰਾਸ਼ਟਰ ਦੀ ਅਜੇਹੀ ਪਰਿਭਾਸ਼ਾ, ਜਿਹੜੀ ਅਪਣੇ ਰਾਸ਼ਟਰੀ-ਰਾਜ ਉਤੇ ਭਾਰੂ ਹੋਣ ਲਈ ਹੋਵ, ਬੜੀ ਹੀ ਸੀਮਤ ਜਹੀ ਹੈ । ਬਹੁਤ ਸਾਰੇ ਟਿੱਪਣੀਕਾਰ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਪਹਿਲਾਂ ਵਾਲੇ ਸੋਵੀਅਤ ਯੂਨੀਅਨ ਵਿਚਲੇ ਯੂਨੀਅਨ-ਗਣਰਾਜਾਂ ਦੇ ਲੋਕ ਜਿਵੇਂ ਜਾਰਜੀਅਨ, ਲਿਥੂਨੀਅਨ, ਯੂਕਰੇਨੀਅਨ ਆਪਣੀ ਅਜਾਦੀ ਦੀ ਪ੍ਰਾਪਤੀ ਤੋਂ ਪਹਿਲਾਂ ਰਾਸ਼ਟਰਾਂ ਸਨ । ਕੁਝ ਜਨ ਸੰਖਿਆਵਾਂ ਜਾਂ ਲੋਕ ਜਿਹੜੇ ਰਾਜ ਦੇ ਖੇਤਰਾਂ ਵਜੋਂ ਨਿਸ਼ਚਿਤ ਢੰਗ ਨਾਲ ਪਰਿਭਾਸ਼ਤ ਸਨ, ਜਿਵੇਂ ਸਕਾਟਲੈਂਡ, ਉਨ੍ਹਾਂ ਵਿੱਚੋਂ ਬਹੁਤੇ ਇਹ ਮੰਨਦੇ ਹਨ ਕਿ ਉਨ੍ਹਾਂ ਨੇ 'ਰਾਸ਼ਟਰ-ਰਾਜ' ਦਾ ਦਰਜਾ ਪ੍ਰਾਪਤ ਕਰ ਲਿਆ ਹੈ ਅਤੇ ਉਨ੍ਹਾਂ ਦੇ ਇਸ ਦਰਜੇ ਨੂੰ ਜਿਉਂ ਦੀ ਤਿਉਂ ਮਾਨਤਾ ਦੇ ਦਿੱਤੀ ਜਾਵੇ । ਇਸ ਗੱਲ ਨੂੰ ਥੋੜ੍ਹਾ ਬਦਲਵੇਂ ਰੂਪ ਵਿਚ ਕਹਿਣਾ ਹੋਵੇ ਤਾਂ ਖੁਦਮੁਖਤਾਰੀ ਜਾਂ ਸੁਤੰਤਰਤਾ ਦੀ ਇੱਛਾ ਅਪਣੇ ਆਪ ਵਿਚ ਕਾਫੀ ਹੈ । ਭਾਵੇਂ ਉਹ ਰਾਜ ਜਿਹੜੇ ਆਧੁਨਿਕ ਰਾਸ਼ਟਰ-ਰਾਜ ਨਾਲ ਓਪਰੇ ਜਹੇ ਰੂਪ ਵਿਚ ਰਲਦੇ ਮਿਲਦੇ ਹਨ ਹੁਣ ਕਾਫੀ ਪੁਰਾਣੇ ਹੋ ਗਏ ਹਨ । ਜੇ ਇਕ ਦਹਿ-ਸਦੀ ਪਿੱਛੇ ਜਾਈਏ ਤਾਂ ਸੰਸਾਰ ਦੇ ਕੁੱਝ ਹਿੱਸਿਆਂ, ਜਿਵੇਂ ਚੀਨ, ਭਾਰਤ ਅਤੇ ਭੂਮੱਧ ਸਾਗਰ ਦੇ ਖੇਤਰਾਂ ਵਿਚ ਬਹੁਤ ਪੁਰਾਣੇ ਸੰਗਠਨ ਆਪਣੇ ਮੌਲਕ ਰੂਪ ਵਿਚ ਸਾਦਾ ਢੰਗ ਦੀਆਂ ਇਲਾਕਾਈ ਇਕਾਈਆਂ ਸਨ ਜਿਨ੍ਹਾਂ ਨੂੰ ਕੋਈ ਵੀ ਕੁਲੀਨ ਜਾਂ ਵਸ਼ਿਸ਼ਟ ਵਰਗ ਕੰਟਰੋਲ ਕਰਨ ਦੇ ਯੋਗ ਸੀ । ਪੁਰਾਣੇ ਕਿਸਮ ਦੇ ਇਹ ਰਾਜ-ਸ਼ਾਸਨ ਵਿਕਸਿਤ ਹੋ ਕੇ ਜਾਂ ਬਦਲ ਕੇ ਆਧੁਨਿਕ ਰਾਸ਼ਟਰ-ਰਾਜ ਬਣ ਗਏ । ਭਾਵੇਂ ਇਹ ਬਹੁਤ ਹੌਲੀ ਹੌਲੀ ਬਣੇ ਪਰ ਇਨ੍ਹਾਂ ਦੇ ਪੁਰਾਣੇ ਨਿਸ਼ਾਨ ਆਧੁਨਿਕ ਸਮੇਂ ਤਕ ਵੀ ਮਿਲਦੇ ਹਨ । ਆਸਟਰੋ-ਹੰਗਰੀਅਨ, ਰੂਸੀ ਅਤੇ ਓਟੋਮਨ ਰਾਜ ਜਿਹੜੇ ਕਿ 1917 – 18 ਤਕ ਬਚੇ ਰਹੇ, ਮੁਖ ਤੌਰ ਤੇ ਰਾਜ-ਘਰਾਣਿਆਂ ਦੇ ਖਾਨਦਾਨੀ ਰਾਜ ਸਨ, ਇਨ੍ਹਾਂ ਰਾਜਾਂ ਵਿਚ ਵਸਦੇ ਲੋਕਾਂ ਅੰਦਰ ਸਾਂਝੀ ਰਾਸ਼ਟਰੀ ਪਛਾਣ ਦੀ ਕੋਈ ਭਾਵਨਾ ਨਹੀ ਸੀ । ਸੋਵੀਅਤ ਯੂਨੀਅਨ, ਜਿਸ ਨੇ ਪੁਰਾਣੇ ਰੂਸੀ ਰਾਜ ਦੀਆਂ ਬਹੁਤ ਸਾਰੀਆਂ ਪਰੰਪਰਾਵਾਂ ਨੂੰ 1991 ਤਕ ਜਾਰੀ ਰੱਖਿਆ ਸੀ, ਉਸ ਅੰਦਰ ਸੰਵਿਧਾਨਕ ਤੌਰ ਤੇ ਕਈ ਰਾਸ਼ਟਰਾਂ ਨੂੰ ਜੋੜਿਆ ਹੋਇਆ ਸੀ । ਇੱਥੋਂ ਤਕ ਕਿ ਅੱਜ ਵੀ ਸਾਡੇ ਕੋਲ ਬਹੁਤ ਮਿਸਾਲਾਂ ਮਿਲਦੀਆਂ ਹਨ ਜਿੱਥੇ ਰਾਸ਼ਟਰੀ-ਰਾਜਾਂ ਅਤੇ ਰਾਸ਼ਟਰਾਂ ਨੂੰ ਸਹਿਜੇ ਕੀਤੇ ਇਕ ਦੂਜੇ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ ਜਦੋਂ ਕਿ ਸਾਰੇ ਰਾਸ਼ਟਰੀ-ਰਾਜਾਂ ਦੀਆਂ ਸਰਕਾਰਾਂ ਆਪਣੇ ਰਾਜ-ਸ਼ਾਸ਼ਨ ਨੂੰ 'ਰਾਸ਼ਟਰਾਂ' ਦਾ ਨਾਂ ਦਿੰਦੀਆਂ ਹਨ । ਕਈ ਰਾਜਾਂ ਦੇ ਲੋਕ ਸਰਕਾਰ ਵੱਲੋਂ ਐਲਾਨੀ ਗਈ ਰਾਸ਼ਟਰੀ ਪਛਾਣ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ । ਬਰਤਾਨੀਆ ਵਿਚ ਬਹੁਤ ਸਾਰੇ ਸਕਾਟਲੈਂਡ ਦੇ ਅਤੇ ਵੈਲਿਸ਼ ਦੇ ਲੋਕ ਅਪਣੇ ਆਪ ਨੂੰ ਬਰਤਾਨਵੀ ਨਾਗਰਿਕ ਸਮਝਣ ਨਾਲੋਂ ਸਕਾਟ ਜਾਂ ਵੈਲਿਸ਼ ਮੰਨਦੇ ਹਨ । ਇਸ ਤਰ੍ਹਾਂ ਸਕਾਟ-ਬਰਤਾਨਵੀ ਅਤੇ ਵੈਲਿਸ਼-ਬਰਤਾਨਵੀ ਦੀਆਂ ਨਾਗਰਿਕਤਾਵਾਂ ਨਾਲੋ ਨਾਲ ਚਲਦੀਆਂ ਹਨ । ਅਰਬ ਦੇਸਾਂ ਵਿਚ ਅਰਬ ਰਾਜਾਂ ਦੀਆਂ ਸਰਕਾਰਾਂ, ਜੋ ਇਰਾਕ ਤੋਂ ਮੋਰਾਕੋ ਤਕ ਅਤੇ ਦੱਖਣ ਵਿਚ ਯਮਨ ਤਕ ਫੈਲੀਆਂ ਹੋਈਆਂ ਹਨ, ਨੇ ਜੋ ਰਾਸ਼ਟਰੀਅਤਾ ਅਪਣੇ ਵੱਲੋਂ

ਪਰਿਭਾਸ਼ਤ ਕੀਤੀ ਹੈ, ਉਸ ਨੂੰ ਬਹੁਤ ਸਾਰੇ ਅਰਬ ਲੋਕ ਨਹੀਂ ਮੰਨਦੇ ਕਿਉਂਕਿ ਉਹ ਆਪਣੇ ਆਪ ਨੂੰ (ਅਰਬ ਦੇਸਾਂ ਦੀ ਥਾਂ) ਅਰਬ ਨਾਗਰਿਕ ਹੀ ਮੰਨਦੇ ਹਨ ।

ਬਹੁਤ ਸਾਰੇ ਲੋਕਾਂ ਲਈ ਸਥਾਨਕ ਪਛਾਣ (ਗੈਰ-ਰਾਸ਼ਟਰੀ) ਏਨੀ ਮਜਬੂਤ ਹੁੰਦੀ ਹੈ ਕਿ ਰਾਜ ਦੀ ਰਾਸ਼ਟਰੀ ਪਛਾਣ ਨੂੰ ਕਮਜੋਰ ਅਤੇ ਮਹੱਤਵਹੀਣ ਕਰ ਦਿੰਦੀ ਹੈ । ਇਥੇ ਅਸੀਂ ਮੁੱਢਲੇ ਅਮਰੀਕਨਾਂ ਜਾਂ ਅਫਰੀਕਾ ਦੇ ਸਥਾਨਕ ਗਰੁੱਪਾਂ (ਕਬੀਲਿਆਂ) ਦੀ ਉਦਾਹਰਣ ਦੇ ਸਕਦੇ ਹਾਂ ।

ਭਾਵੇਂ ਰਾਸ਼ਟਰ-ਰਾਜ ਅਤੇ ਰਾਸ਼ਟਰਾਂ ਸਮਰੂਪੀ ਨਹੀਂ ਹਨ ਪਰ ਫੇਰ ਵੀ ਇਹ ਇਕ ਦੂਜੇ ਨਾਲ ਬੜਾ ਨੇੜਿਉਂ ਜੁੜੀਆਂ ਹੋਈਆਂ ਹਨ । ਐਂਥਨੀ ਸਮਿੱਥ (ਦੇਖੋ ਵਿਸ਼ੇਸ਼ਕ ਸਮਿੱਥ 1991) ਰਾਸ਼ਟਰਾਂ ਨੂੰ ਇਸ ਤਰ੍ਹਾਂ ਵੰਡਦਾ ਹੈ : ਉਹ ਜਿਨ੍ਹਾਂ ਨੇ ਮੁਖ ਤੌਰ ਤੇ ਆਪਣੀਆਂ ਸਥਾਨਕ ਪਛਾਣਾਂ ਨੂੰ ਸੁਧਾਰ ਕੇ, ਵਿਸਤ੍ਰਿਤ ਕਰ ਕੇ ਇਨ੍ਹਾਂ ਸਥਾਨਕ ਪਛਾਣਾਂ ਨੂੰ ਵਸੋਂ ਦੇ ਵਡੇਰੇ ਭਾਗ ਨਾਲ ਮਿਲਾ ਲਿਆ; ਉਹ ਜਿਹੜੇ ਵਿਸ਼ੇਸ਼ ਰਾਜਾਂ ਵਜੋਂ ਵਿਕਸਿਤ ਹੋਏ ਤੇ ਉਨ੍ਹਾਂ ਦੀ ਸਮੂਹਕ ਰਾਸ਼ਟਰੀ ਪਛਾਣ ਰਾਜ ਦੇ ਅੰਦਰੋਂ ਬਣੀ ਅਤੇ ਉਨ੍ਹਾਂ ਨੇ ਆਪਣੀਆਂ ਪਹਿਲੀਆਂ ਵਿਭਿੰਨ ਪਛਾਣਾਂ ਨੂੰ ਰਾਸ਼ਟਰੀ ਪਛਾਣ ਨਾਲ ਇਕਮਿਕ ਕਰ ਲਿਆ । (922 ਸ਼ਬਦ)

**Q4. ਹੇਠ ਲਿਖੇ ਗੱਦ ਟੋਟੇ ਦਾ ਪੰਜਾਬੀ ਵਿਚ ਅਨੁਵਾਦ ਕਰੋ :** *20*

Raman completed school when he was just eleven years old and spent two years studying in his father's college. When he was only thirteen years old, he went to Madras (which is now Chennai), to join the B.A. course at Presidency College. Besides being young for his class, Raman was also quite unimpressive in appearance and recalls, '... in the first English class that I attended, Professor E.H. Elliot addressing me, asked if I really belonged to the junior B.A. class, and I had to answer him in the affirmative.' He, however, stunned all the sceptics when he stood first in the B.A. examinations.

Seeing what a brilliant student he was, his teachers asked him to prepare for the Indian Civil Services (ICS) examination. It was a very prestigious examination and very rarely did non-Britishers get through it. Yet Raman had impressed his teachers so much that they urged him to take it up at such an early age. In spite of their student's brilliance, the plan was not to work. Raman had to undergo a medical examination before he could qualify to take the ICS test and the Civil Surgeon of Madras declared him medically unfit to travel to England ! This was the only examination that Raman failed, and he would later remark in his characteristic style about the man who disqualified him, 'I shall ever be grateful to this man,' but at that time, he simply put the attempt behind him and went on to study Physics.

**Q5. ਹੇਠ ਲਿਖੇ ਗੱਦ ਟੋਟੇ ਦਾ ਅੰਗਰੇਜੀ ਵਿਚ ਅਨੁਵਾਦ ਕਰੋ :** **20**

ਪੈਸਾ ਇਕ ਅਜੇਹੀ ਚੀਜ ਹੈ ਜੋ ਖਰੀਦਣ ਦੇ ਸਾਧਨ ਦੁਆਰਾ ਹੱਥੋ ਹੱਥੀ ਅੱਗੇ ਚਲਦਾ ਜਾਂਦਾ ਹੈ । ਪੈਸੇ ਨੇ ਵਸਤਾਂ ਦੇ ਵਟਾਂਦਰੇ ਜਾਂ ਜਿਨਸ ਵੱਟੇ ਜਿਨਸ ਵਾਲੇ ਢੰਗ-ਤਰੀਕੇ ਨੂੰ ਬਦਲਿਆ ਹੈ । ਪਹਿਲੀ ਵਿਧੀ ਵਿਚ ਬੜੀਆਂ ਕਠਿਨਾਈਆਂ ਆਉਂਦੀਆਂ ਸਨ; ਵਟਾਈਆ ਜਾਣ ਵਾਲੀਆਂ ਚੀਜਾਂ ਦੀ ਕਦਰ ਮਿਥਣ ਸਮੇਂ, ਦੋਵਾਂ ਧਿਰਾਂ ਨੂੰ ਇਕ ਦੂਜੇ ਕੋਲੋਂ ਕੀ ਮਿਲ ਰਿਹਾ ਹੈ, ਇਸ ਬਾਰੇ ਸਹਿਮਤ ਹੋਣਾ ਹੁੰਦਾ ਸੀ । ਮੁਦਰਾ ਦੁਆਰਾ ਚੀਜਾਂ ਦੇ ਲੈਣ ਦੇਣ ਦੀ ਸਹੂਲਤ ਮਿਲਣ ਨਾਲ ਕਿਰਤ ਦੀ ਵੰਡ ਅਤੇ ਕਿਰਤ ਦੀ ਵਿਸ਼ੇਸ਼ਗਤਾ ਵਿਚ ਵਾਧਾ ਹੋਇਆ; ਇਹ ਚੀਜਾਂ ਦੇ ਵੱਡੇ ਪੱਧਰ ਉਤੇ ਉਤਪਾਦਨ ਕਰਨ ਦਾ ਆਧਾਰ ਬਣੀ । ਪੈਸਾ ਭਾਵੇਂ ਕਿਸੇ ਵੀ ਸ਼ਕਲ ਵਿਚ ਹੋਵੇ, ਇਸ ਨੂੰ ਕਾਨੂੰਨ ਦੇ ਆਦੇਸ਼ ਦੁਆਰਾ ਜਾਂ ਕਿਸੇ ਨਿਯਮਤ ਪ੍ਰਥਾ ਦੁਆਰਾ ਚਲਾਇਆ ਗਿਆ ਹੋਵੇ, ਇਸ ਦਾ ਮੁਖ ਲੱਛਣ ਇਹ ਹੈ ਕਿ ਇਹ ਤੁਰੰਤ ਉਪਲਬਧ ਹੋਵੇ ਅਤੇ ਇਸ ਨੂੰ ਲੋਕ ਪ੍ਰਵਾਨ ਕਰਦੇ ਹੋਣ । ਮੁੱਢਲੇ ਆਦਿਮ ਜਨ-ਸਮੂਹਾਂ ਵਿਚ ਕੁਝ ਚੀਜਾਂ ਜਿਵੇਂ ਗਊਆਂ, ਅਖਰੋਟ, ਚੌਲ, ਚਾਹ ਵਰਤੇ ਜਾਂਦੇ ਸਨ । ਆਧੁਨਿਕ ਸਭਿਅਕ ਰਾਜਾਂ ਨੇ ਧਾਤ ਦੇ ਜਾਂ ਕਾਗਜ ਦੀ ਮੁਦਰਾ ਦਾ ਪ੍ਰਚਲਨ ਕੀਤਾ । ਮੁਦਰਾ ਦਾ ਸਿੱਕਿਆਂ ਜਾਂ ਕਾਗਜ ਦੇ ਨੋਟਾਂ ਦੇ ਰੂਪ ਵਿਚ ਹੋਣ ਨਾਲ ਇਸ ਵਿਚੋਂ ਸਾਰੀਆਂ ਲੋੜੀਂਦੀਆਂ ਸਹੂਲਤਾਂ ਮਿਲ ਗਈਆਂ; ਜਿਵੇਂ ਪੈਸਿਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਵਿਚ ਆਸਾਨੀ, ਜਿਆਦਾ ਸਮੇਂ ਤਕ ਰੱਖ ਸਕਣਾ, ਕਦਰ ਵਿਚ ਇਕਸਾਰਤਾ ਦਾ ਹੋਣਾ ਅਤੇ ਲੋਕਾਂ ਦੀ ਪ੍ਰਵਾਨਗੀ ਦਾ ਹੋਣਾ ਆਦਿ । ਜਿਹੜੀਆਂ ਧਾਤਾਂ ਵਰਤੀਆਂ ਜਾਂਦੀਆਂ ਸਨ ਉਨ੍ਹਾਂ ਵਿਚ ਮੁਖ ਤੌਰ ਤੇ ਸੋਨਾ, ਚਾਂਦੀ, ਤਾਂਬਾ ਅਤੇ ਨਿਕਲ ਸਨ । ਕਾਗਜ ਦੇ ਨੋਟਾਂ ਦਾ ਪ੍ਰਚਲਨ ਕਈ ਪ੍ਰਕਾਰ ਦੇ ਪ੍ਰਬੰਧਾਂ ਲਈ ਹੋਇਆ : ਇਹ ਵਟਾਂਦਰੇ ਦਾ ਮਾਧਿਅਮ ਹੈ; ਇਸ ਦੁਆਰਾ ਚੀਜਾਂ ਦੀ ਕਦਰ ਨਾਪੀ ਜਾਂਦੀ ਹੈ; ਕਦਰਾਂ ਦੀ ਤੁਲਨਾ ਕਰ ਸਕਣਾ ਸੰਭਵ ਹੋਇਆ; ਰੋਕੀਆਂ ਹੋਈਆਂ ਦੇਣਦਾਰੀਆਂ ਨੂੰ ਨਾਪਣ ਦਾ ਪੈਮਾਨਾ ਵੀ ਹੈ ਜਿਵੇਂ ਕਰਜਾ ਮੋੜਨਾ ਅਤੇ ਕਦਰ ਨੂੰ ਜਮ੍ਹਾਂ ਕਰਨ ਦੀ ਸਹੂਲਤ । ਆਦਰਸਕ ਮਾਨਦੰਡ ਜਾਂ ਸਟੈਂਡਰਡ ਮੁਦਰਾ ਅਤੇ ਪ੍ਰਤੀਕ ਮੁਦਰਾ ਵਿਚ ਇਕ ਮਹੱਤਵਪੂਰਨ ਅੰਤਰ ਹੈ । ਪਹਿਲੀ ਮੁਦਰਾ ਉਹ ਹੈ ਜੋ ਆਦਰਸ਼ਕ ਕਦਰ ਦੇ ਮਾਨਦੰਡ ਦੇ ਆਧਾਰ ਤੇ ਬਣਦੀ ਹੈ ਭਾਵ ਕੋਈ ਵਸਤੂ ਦੂਜੀਆਂ ਵਸਤੂਆਂ ਦੀ ਤੁਲਨਾ ਵਿਚ ਕਿੰਨੀ ਕਦਰ ਵਾਲੀ ਹੈ । ਸਟੈਂਡਰਡ ਮੁਦਰਾ ਦੀ ਕਦਰ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸ ਵਿਚ ਕਿੰਨਾ ਵਸਤੂ ਜਾਂ ਤੱਤ ਹੈ । ਪ੍ਰਤੀਕ ਮੁਦਰਾ, ਜਿਵੇਂ ਕਿ ਕਾਗਜ ਦੇ ਨੋਟ, ਦਾ ਸੰਬੰਧ ਕਾਨੂੰਨ ਨਾਲ ਜਾਂ ਪ੍ਰਚਲਤ ਪ੍ਰਥਾ ਨਾਲ ਹੈ; ਉਸ ਦੇ ਅੰਦਰਲੀ ਉਸ ਦੀ ਕਦਰ ਕਿੰਨੀ ਹੈ, ਇਸ ਗੱਲ ਨਾਲ ਨਹੀਂ ਹੈ ।

Q6. (ੳ) ਹੇਠ ਲਿਖੇ ਵਾਕਾਂ ਦੇ ਸ਼ਬਦ-ਜੋੜ ਸੋਧ ਕੇ ਲਿਖੋ : *2×5=10*

(i) ਜਨਾ ਖਨਾ ਰੋਲਾ ਪਾ ਲੈਂਦਾ ਹੈ । *2*

(ii) ਕਾਉਣ ਕੈਂਹਦਾ ਹੈ ? *2*

(iii) ਕੁੜਿਆ ਚਰਖੇ ਕਤਦਿਆ ਹਨ । *2*

(iv) ਹੜ ਨਾਲ ਪਾਣੀ ਚੜ ਗਿਆ ਹੈ । *2*

(v) ਵਸਣਾ ਸ਼ੈਹਰ ਭਾਮੇਂ ਹੋਵੇ ਕੈਹਰ । *2*

(ਅ) ਹੇਠ ਲਿਖੇ ਮੁਹਾਵਰੇ-ਅਖਾਣਾਂ ਦੇ ਅਰਥ ਦਸ ਕੇ, ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : *2×5=10*

(i) ਇੱਟ ਕੁੱਤੇ ਦਾ ਵੈਰ । *2*

(ii) ਅੱਖ ਦਾ ਤਾਰਾ । *2*

(iii) ਦਿਨ ਕਟੀ ਕਰਨਾ । *2*

(iv) ਪਾਰਾ ਚੜ੍ਹਨਾ । *2*

(v) ਬਗਲ ਵਿਚ ਛੁਰੀ ਮੂੰਹ ਵਿਚ ਰਾਮ ਰਾਮ । *2*

(ੲ) ਹੇਠ ਲਿਖੇ ਵਾਕਾਂ ਲਈ ਇਕ ਸ਼ਬਦ ਦੀ ਵਰਤੋਂ ਕਰੋ : *2×5=10*

(i) ਸਾਲ ਬਾਅਦ ਆਉਣ ਵਾਲੀ ਮੌਤ ਦੀ ਤਾਰੀਖ । *2*

(ii) ਜੋ ਨਸ਼ੇ-ਪੱਤੇ ਕਰਨ ਦਾ ਆਦੀ ਹੋਵੇ । *2*

(iii) ਜੋ ਦੇਸ਼-ਕੌਮ ਲਈ ਜ਼ਿੰਦਗੀ ਕੁਰਬਾਨ ਕਰ ਦੇਵੇ । *2*

(iv) ਜੋ ਸੋਨੇ ਦੇ ਗਹਿਣੇ ਘੜ ਕੇ ਵੇਚਣ ਦਾ ਕੰਮ ਕਰੇ । *2*

(v) ਜਿਸ ਨੂੰ ਜਿੱਤਿਆ ਨਾ ਜਾ ਸਕੇ । *2*

(ਸ) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ ਤਾਂ ਕਿ ਅਰਥ ਸਪਸ਼ਟ ਹੋ ਜਾਣ : *1×10=10*

(i) ਗਰਜਦਾ–ਘੋਰਦਾ *1*

(ii) ਵੜ੍ਹੇ ਗੰਢ *1*

(iii) ਦਹਾੜਦਾ *1*

(iv) ਆਜੜੀ *1*

(v) ਲਾੜੀ *1*

(vi) ਸਹਿਜ ਪਾਠ *1*

(vii) ਜਿਠਾਣੀ *1*

(viii) ਮਕਾਣ *1*

(ix) ਜੰਨ *1*

(x) ਢਾਣੀ *1*